ਸ਼ਹੀਦ ਭਗਤ ਸਿੰਘ ਦੀ ਕਲਮ ਤੋਂ

# ਭਾਈ ਭਾਗ ਸਿੰਘ - ਭਿੱਖੀਵਿੰਡ

ਨਵੰਬਰ 1928 ਦੀ ਦੀਵਾਲੀ ਮੌਕੇ ਪ੍ਰਕਾਸ਼ਿਤ ਹੋਇਆ 'ਫਾਂਸੀ ਅੰਕ', 'ਚਾਂਦ' ਰਸਾਲੇ ਦਾ ਵਿਸ਼ੇਸ਼ ਅੰਕ ਸੀ, ਜੋ ਛਪਦਿਆ ਹੀ ਇਤਿਹਾਸਿਕ ਦਸਤਾਵੇਜ਼ ਬਣ ਗਿਆ। ਇਹ 10,000 ਦੀ ਗਿਣਤੀ ਵਿੱਚ ਛਾਪਿਆ ਗਿਆ ਸੀ ਤੇ 6/7 ਦਸੰਬਰ ਨੂੰ ਇਹਦੀ ਜ਼ਬਤੀ ਦੇ ਆਦੇਸ਼ ਜਾਰੀ ਹੋਣੋਂ ਪਹਿਲਾਂ ਹੀ ਵੱਡੀ ਗਿਣਤੀ ਵਿੱਚ ਥਾਉਂ ਥਾਂਈ ਵੰਡਣ ਲਈ ਭੇਜ ਦਿੱਤਾ ਗਿਆ ਸੀ।

'ਚਾਂਦ' ਦੇ 'ਫਾਂਸੀ ਅੰਕ' ਵਿੱਚ ਸ਼ਹੀਦਾਂ ਬਾਰੇ ਕੁਲ 53 ਲੇਖ ਸਨ, ਜਿਨ੍ਹਾਂ ਵਿੱਚੋਂ 41 ਇੱਕੱਲੇ ਭਗਤ ਸਿੰਘ ਦੇ ਲਿਖੇ ਹੋਏ ਸਮਝੇ ਜਾਂਦੇ ਹਨ, ਜਿਹੜੇ ਵੱਖੋਂ-ਵੱਖ ਫ਼ਰਜ਼ੀ ਨਾਵਾਂ ਹੇਠ ਪ੍ਰਕਾਸ਼ਤ ਹੋਏ ਸਨ।


ਕੈਨੇਡਾ 'ਚ 1909 'ਚ ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ ਗਠਤ ਕੀਤੀ ਗਈ, ਜਿਸ ਦੇ ਭਾਈ ਭਾਗ ਸਿੰਘ ਪਹਿਲਾਂ ਮੁੱਖ ਸਕੱਤਰ ਅਤੇ ਪਿਛੋਂ ਪ੍ਰਧਾਨ ਵੀ ਰਹੇ ਸਨ। ਕੈਨੇਡਾ 'ਚ ਪਹਿਲਾ ਗੁਰਦੁਆਰਾ ਸਾਹਿਬ ਇਸੇ ਸੋਸਾਇਟੀ ਵੱਲੋਂ ਸਥਾਪਿਤ ਕੀਤਾ ਗਿਆ ਸੀ।

ਆਪ ਜੀ ਦੀਆਂ ਦੇਸ਼ ਹਿੱਤੂ ਸਰਗਰਮੀਆਂ ਤੋਂ ਤੰਗ ਆਕੇ ਅੰਗ੍ਰੇਜ਼ੀ ਸਰਕਾਰ ਦੀ ਸ਼ਹਿ ਤੇ ਗੱਦਾਰ ਬੇਲਾ ਸਿੰਘ (ਪਿੰਡ ਜਿਆਨ, ਜ਼ਿਲ੍ਹਾ ਹੁਸ਼ਿਆਰਪੁਰ) ਨੇ 5 ਸਤੰਬਰ 1914 ਨੂੰ ਭਰੀ ਸੰਗਤ 'ਚ ਅਰਦਾਸ ਲਈ ਖੜੇ ਹੋ ਰਹੇ ਭਾਈ ਸਾਹਿਬ ਜੀ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ।

ਚੰਗੇ ਘਰਾਣੇ ਵਿਚ ਜਨਮ ਲੈ ਕੇ ਅਤੇ ਉੱਚੀ ਸਿੱਖਿਆ ਪ੍ਰਾਪਤ ਕਰਕੇ ਦੇਸ਼ ਅਤੇ ਕੌਮ ਦੀ ਸੇਵਾ ਵਿਚ ਜੀਵਨ ਅਰਪਿਤ ਕਰਨ ਵਾਲੇ ਤਾਂ ਸੰਸਾਰ ਵਿਚ ਅਨੇਕਾਂ ਹੁਦੇ ਰਹੇ ਹਨ ਅਤੇ ਹੁੰਦੇ ਰਹਿਣਗੇ, ਪਰ ਸਾਧਾਰਨ ਪੇਡੂੰ ਘਰਾਣੇ ਵਿਚ ਪੈਦਾ ਹੋ ਕੇ ਅਤੇ ਮਾਮੂਲੀ ਜਿਹੀ ਸਿੱਖਿਆ ਪ੍ਰਾਪਤ ਕਰਕੇ ਵੀ ਜਿਨ੍ਹਾਂ ਨੇ ਆਪਣੇ ਕੰਮਾਂ ਨਾਲ ਮਾਨਵ-ਸਮਾਜ ਨੂੰ ਚੁੰਧਿਆ ਦਿੱਤਾ, ਅਜਿਹੀਆਂ ਮਿਸਾਲਾਂ ਇਤਿਹਾਸ ਵਿਚ ਵਿਰਲੀਆਂ ਹੀ ਦੇਖਣ ਨੂੰ ਮਿਲਦੀਆਂ ਹਨ।

ਸਾਡੇ ਨਾਇਕ ਭਾਈ ਭਾਗ ਸਿੰਘ ਜੀ ਵੀ ਅਜਿਹੇ ਹੀ ਉਂਗਲਾਂ ਤੇ ਗਿਣੇ ਜਾਣ ਵਾਲੇ ਰਤਨਾਂ ਵਿਚੋਂ ਇਕ ਹਨ। ਆਪ ਦਾ ਜਨਮ ਲਾਹੌਰ ਜ਼ਿਲ੍ਹੇ (ਹੁਣ ਤਰਨ ਤਾਰਨ) ਦੇ ਭਿੱਖੀਵਿੰਡ ਨਾਮਕ ਪਿੰਡ ਵਿਚ ਸਰਦਾਰ ਨਰੈਣ ਸਿੰਘ ਜੀ ਦੇ ਘਰ ਸੰਨ 1872 ਵਿਚ ਹੋਇਆ ਸੀ। ਆਪ ਦੀ ਮਾਤਾ ਜੀ ਦਾ ਨਾਂ ਸਰਦਾਰਨੀ ਮਾਨ ਕੌਰ ਸੀ। 20 ਸਾਲ ਦੀ ਉਮਰ ਤੱਕ ਆਪਨੇ ਘਰ ਵਿਚ ਹੀ ਰਹਿ ਕੇ ਖੇਤੀਬਾੜੀ ਦਾ ਕੰਮ ਕੀਤਾ। ਇਸੇ ਦੌਰਾਨ ਗੁਰਮੁਖੀ ਦਾ ਵੀ ਥੋੜ੍ਹਾ-ਬਹੁਤ ਗਿਆਨ ਪ੍ਰਾਪਤ ਕਰ ਲਿਆ ਸੀ। ਬਸ ਵਿੱਦਿਆ ਦੇ ਨਾਤੇ ਐਨੇ ਨੂੰ ਹੀ ਸਭ ਕੁਝ ਸਮਝਣਾ ਚਾਹੀਦਾ ਹੈ। ਆਪ ਬਚਪਨ ਤੋਂ ਹੀ ਸੈਨਾਨੀ ਸੁਭਾਅ ਦੇ ਸੀ। ਇਸ ਲਈ 20 ਸਾਲ ਦੀ ਉਮਰ ਹੋਣ ਤੇ ਫੌਜ ਵਿਚ ਭਰਤੀ ਹੋ ਗਏ। ਆਜ਼ਾਦ ਤਬੀਅਤ ਦੇ ਲਈ ਤਾਂ ਮਸ਼ਹੂਰ ਸਨ ਹੀ, ਫੇਰ ਭਲਾ ਕਿਸੇ ਦੀ ਡਾਂਟ-ਫਟਕਾਰ ਕਿਉਂ ਸਹਿਣ ਲੱਗੇ? ਫੌਜ ਵਿਚ ਅੱਜ ਕਿਸੇ ਨਾਲ ਝਗੜਾ ਹੋ ਰਿਹਾ ਹੈ ਤਾਂ ਕਲ੍ਹ ਕਿਸੇ ਨੂੰ ਝਿੜਕਿਆ ਜਾ ਰਿਹਾ ਹੈ। ਸਾਰੇ ਲੋਕ, ਖਾਸ ਕਰਕੇ ਅਫ਼ਸਰ ਲੋਕ, ਆਪ ਤੋਂ ਬੜੇ ਤੰਗ ਰਿਹਾ ਕਰਦੇ ਸਨ। ਇਨ੍ਹਾਂ ਸਾਰੀਆਂ ਗੱਲਾਂ ਕਰਕੇ ਪੰਜ ਸਾਲ ਤੱਕ ਨੌਕਰੀ ਕਰਨ ਤੋਂ ਬਾਅਦ ਵੀ ਆਪ ਮਾਮੂਲੀ ਸਿਪਾਹੀ ਤੋਂ ਉਤਾਂਹ ਨਾ ਉੱਠ ਸਕੇ।

ਬਾਅਦ ਵਿਚ ਫੌਜ ਦੀ ਨੌਕਰੀ ਛੱਡ ਕੇ ਘਰ ਪਰਤੇ ਬਿਨਾਂ ਹੀ ਸਿੱਧੇ ਚੀਨ ਚਲੇ ਗਏ ਅਤੇ ਹਾਂਗਕਾਗ ਪੁਲਿਸ ਵਿਚ ਭਰਤੀ ਹੋ ਗਏ। ਢਾਈ ਸਾਲ ਕੰਮ ਕਰਨ ਤੋਂ ਬਾਅਦ ਉੱਥੇ ਵੀ ਜਮਾਂਦਾਰ ਨਾਲ ਝਗੜਾ ਹੋ ਗਿਆ ਅਤੇ ਆਪ ਸ਼ੰਘਾਈ ਆ ਗਏ। ਇੱਥੇ ਢਾਈ ਸਾਲ ਤੱਕ ਮਿਉਂਸੀਪਲ ਪੁਲਿਸ ਵਿਚ ਕੰਮ ਕਰਨ ਤੋਂ ਬਾਅਦ, ਆਏ ਦਿਨ ਬਹੁਤ ਸਾਰੇ ਭਾਰਤੀਆਂ ਨੂੰ ਅਮਰੀਕਾ ਵੱਲ ਜਾਂਦੇ-ਦੇਖ ਕੇ ਆਪ ਵੀ ਕੈਨੇਡਾ ਚਲੇ ਗਏ। ਬੱਸ ਇਥੋਂ ਹੀ ਆਪਦਾ ਸਰਵਜਨਕ ਜੀਵਨ ਸ਼ੁਰੂ ਹੁੰਦਾ ਹੈ।


ਭਾਈ ਭਾਗ ਸਿੰਘ ਜੀ ਆਪਣੇ ਪਰਿਵਾਰ ਨਾਲ

ਵਿਚਾਰ ਅਤੇ ਸੁਭਾਅ ਮਿਲ ਜਾਣ ਤੇ ਹਿਰਦੇ ਮਿਲਦੇ ਦੇਰ ਨਹੀਂ ਲੱਗਦੀ। ਇਸ ਲਈ ਕੈਨੇਡਾ ਪਹੁੰਚ ਕੇ ਭਾਈ ਬਲਵੰਤ ਸਿੰਘ, ਭਾਈ ਸੁੰਦਰ ਸਿੰਘ, ਭਾਈ ਹਰਨਾਮ ਸਿੰਘ ਅਤੇ ਅਰਜਨ ਸਿੰਘ ਨਾਲ ਆਪਦੀ ਗੂੜ੍ਹੀ ਮਿੱਤਰਤਾ ਹੋ ਗਈ। ਉਸ ਵੇਲੇ ਕੈਨੇਡਾ 'ਚ ਸਥਿਤ ਭਾਰਤੀਆਂ ਤੇ ਉੱਥੋਂ ਦੇ ਵਾਸੀ ਬੜੇ ਜ਼ੁਲਮ ਕਰ ਰਹੇ ਸਨ। ਇਥੋਂ ਤੱਕ ਕਿ ਬਹੁਤ ਕੋਸ਼ਿਸ਼ ਕਰਨ ਤੇ ਵੀ ਉਨ੍ਹਾਂ ਨੂੰ ਰਹਿਣ ਲਈ ਕਿਤੇ ਕੋਈ ਥਾਂ ਨਹੀਂ ਲੱਭਦੀ ਸੀ। ਉਨ੍ਹਾਂ ਵਿਚ ਆਪਸ ਵਿਚ ਵੀ ਫੁੱਟ ਸੀ। ਸਾਰੇ ਆਪਣਾ-ਆਪਣਾ ਹੀ ਸੋਚਦੇ ਸਨ। ਅਜਿਹੀ ਔਖੀ ਘੜੀ ਵਿਚ ਉਕਤ ਮਿੱਤਰ ਮੰਡਲੀ ਨੇ ਅੱਗੇ ਕਦਮ ਵਧਾਏ। ਸ਼ੁਰੂ ਕਰਨ ਦੀ ਦੇਰ ਸੀ, ਕੰਮ ਤੁਰ ਪਿਆ ਅਤੇ ਜਿੱਥੇ ਪਹਿਲਾਂ ਇਕ ਵੀ ਗੁਰਦੁਆਰਾ ਨਹੀਂ ਸੀ ਉੱਥੇ ਅਕਸਰ ਹਰ ਥਾਂ ਗੁਰਦੁਆਰੇ ਸਥਾਪਤ ਹੋ ਗਏ। ਸਾਰੀ ਬਿਖਰੀ ਹੋਈ ਤਾਕਤ ਨੂੰ ਇਕਜੁੱਟ ਕਰਕੇ ਸੰਗਠਨ ਕਾਰਜ ਸ਼ੁਰੂ ਕਰ ਦਿੱਤਾ ਗਿਆ।

ਕੈਨੇਡਾ ਵਿਚ ਭਾਰਤੀਆਂ ਨੂੰ ਇਕ ਭਾਰਤੀ ਵਾਂਗ ਜੀਵਨ ਜਿਊਣ ਦੀ ਆਜ਼ਾਦੀ ਨਹੀਂ ਸੀ, ਇਥੋਂ ਤੱਕ ਕਿ ਉਹ ਆਪਣੇ ਰਿਸ਼ਤੇਦਾਰਾਂ ਦੀ ਮ੍ਰਿਤਕ-ਦੇਹ ਦਾ ਸੰਸਕਾਰ ਵੀ ਨਹੀਂ ਕਰ ਸਕਦੇ ਸੀ, ਅਤੇ ਉਨ੍ਹਾਂ ਨੂੰ ਉਸ ਦੀ ਕਬਰ ਬਣਾਉਣੀ ਪੈਂਦੀ ਸੀ। ਇਸ ਲਈ ਇਨ੍ਹਾਂ ਲੋਕਾਂ ਨੇ ਕੁਝ ਜ਼ਮੀਨ ਖਰੀਦੀ ਅਤੇ ਉਸ ਵਿਚ ਸ਼ਮਸ਼ਾਨ ਘਾਟ ਬਣਾਇਆ। ਇਸ ਸ਼ਮਸ਼ਾਨ ਘਾਟ ਵਿਚ ਪਹਿਲਾ ਸੰਸਕਾਰ ਭਾਈ ਅਰਜਨ ਸਿੰਘ ਜੀ ਦਾ ਕੀਤਾ ਗਿਆ।

ਭਲਾ ਇਮੀਗ੍ਰੇਸ਼ਨ ਵਾਲੇ ਭਾਰਤੀਆਂ ਦੀ ਇਸ ਉਨਤੀ ਨੂੰ ਕਦੋਂ ਬਰਦਾਸ਼ਤ ਕਰ ਸਕਦੇ ਸੀ? ਇਸ ਲਈ ਇਕ ਪਾਸੇ ਤਾਂ ਕੈਨੇਡਾ ਦੇ ਭਾਰਤੀਆਂ ਨੂੰ ਹੰਡੁਰਸ ਭੇਜਣ ਦੀ ਕੋਸ਼ਿਸ਼ ਹੋਣ ਲੱਗੀ ਅਤੇ ਦੂਜੇ ਪਾਸੇ ਇਕ ਨਵਾਂ ਕਾਨੂੰਨ ਘੜਿਆ ਗਿਆ, ਜਿਸ ਅਨੁਸਾਰ ਕੋਈ ਵੀ ਨਵਾਂ ਭਾਰਤੀ ਕੈਨੇਡਾ ਵਿਚ ਨਹੀਂ ਉੱਤਰ ਸਕਦਾ ਸੀ। ਆਪ ਨੇ ਆਪਣੇ ਹੋਰ ਮਿੱਤਰਾਂ ਸਮੇਤ ਇਸ ਦੇ ਖ਼ਿਲਾਫ਼ ਆਵਾਜ਼ ਉਠਾਈ। ਦੋ ਆਦਮੀ ਹੰਡੁਰਸ ਦੀ ਹਾਲਤ ਦੇਖਣ ਭੇਜੇ ਗਏ। ਇਨ੍ਹਾਂ ਲੋਕਾਂ ਨੇ ਆ ਕੇ ਇਤਲਾਹ ਦਿੱਤੀ ਕਿ ਹੰਡੁਰਸ ਨਰਕ ਤੋਂ ਵੀ ਮਾੜੀ ਥਾਂ ਹੈ। ਆਪਣੀ ਕੋਸ਼ਿਸ਼ ਨੂੰ ਅਸਫ਼ਲ ਹੁੰਦੇ ਦੇਖ ਇਮੀਗ੍ਰੇਸ਼ਨ ਵਾਲਿਆਂ ਨੂੰ ਇਨ੍ਹਾਂ ਤੇ ਬੜਾ ਗੁੱਸਾ ਆਇਆ। ਉੱਧਰ ਨਵੇਂ ਕਾਨੂੰਨ ਦੇ ਖਿਲਾਫ਼ ਫ਼ੈਸਲਾ ਹੋਇਆ ਕਿ ਜੋ ਲੋਕ ਕੈਨੇਡਾ ਵਿਚ ਪਹਿਲਾਂ ਤੋਂ ਰਹਿ ਰਹੇ ਹਨ ਉਹ ਭਾਰਤ ਜਾ ਕੇ ਆਪਣਾ ਪਰਿਵਾਰ ਆਦਿ ਲੈ ਕੇ ਫੇਰ ਵਾਪਸ ਆ ਸਕਦੇ ਹਨ, ਪਰ ਫੈਸਲੇ ਨੂੰ ਕਾਰਜਰੂਪ ਵੀ ਤਾਂ ਦੇਣਾ ਸੀ, ਇਸ ਲਈ ਸਾਡੇ ਨਾਇਕ ਆਪਣੇ ਹੋਰ ਦੋ ਮਿੱਤਰਾਂ ਨਾਲ ਭਾਰਤ ਨੂੰ ਚੱਲ ਪਏ।

ਭਾਰਤ ਤਾਂ ਆ ਗਏ, ਪਰ ਹੁਣ ਪਰਿਵਾਰ ਕਿੱਥੋਂ ਲੈ ਕੇ ਜਾਣ। ਪਤਨੀ ਦਾ ਸੁਰਗਵਾਸ ਹੋ ਚੁੱਕਾ ਸੀ ਅਤੇ ਬਾਲ-ਬੱਚੇ ਸਨ ਨਹੀਂ, ਇਸ ਲਈ ਇਕ ਪੇਸ਼ਾਵਰ ਦੀ ਔਰਤ ਨਾਲ ਫੇਰ ਤੋਂ ਵਿਆਹ ਕੀਤਾ ਗਿਆ ਅਤੇ ਉਸ ਨੂੰ ਲੈ ਕੇ ਵਾਪਸ ਚੱਲ ਪਏ। ਹਾਂਗਕਾਂਗ ਆ ਕੇ ਪਤਾ ਲੱਗਾ ਕਿ ਕੈਨੇਡਾ ਜਾਣ ਵਾਸਤੇ ਟਿਕਟ ਨਹੀਂ ਮਿਲ ਸਕੇਗੀ। ਬਹੁਤ ਜ਼ਿਆਦਾ ਕੋਸ਼ਿਸ਼ ਕਰਨ ਤੇ ਵੀ ਆਪਨੂੰ ਬੜਾ ਚਿਰ ਉੱਥੇ ਠਹਿਰਨਾ ਪਿਆ ਅਤੇ ਇੱਥੇ ਹੀ ਆਪਦੇ ਪੁੱਤਰ ਜੋਗਿੰਦਰ ਸਿੰਘ ਜੀ ਦਾ ਜਨਮ ਹੋਇਆ। ਆਖਰ ਬੜੀਆਂ ਕੋਸ਼ਿਸ਼ਾਂ ਤੋਂ ਬਾਅਦ ਵੈਨਕੂਵਰ ਪਹੁੰਚਣ ਤੇ ਵੱਡੀਆਂ ਰੁਕਾਵਟਾਂ ਤੋਂ ਬਾਅਦ, ਆਪ ਨੂੰ ਜਹਾਜ਼ ਤੋਂ ਉਤਰਨ ਦਿੱਤਾ ਗਿਆ।

ਇਸ ਵੇਲੇ ਤੱਕ ਆਪ ਜ਼ਿਆਦਾਤਰ ਧਰਮ ਕਾਰਜਾਂ ਵਿਚ ਹੀ ਹਿੱਸਾ ਲੈ ਰਹੇ ਸਨ, ਪਰ ਇਸ ਸਫ਼ਰ ਦੇ ਅਨੁਭਵ ਨੇ ਆਪ ਦੇ ਵਿਚਾਰਾਂ ਵਿਚ ਇਕ ਨਵੀਂ ਤਬਦੀਲੀ ਲਿਆ ਦਿੱਤੀ ਸੀ। ਆਪ ਨੂੰ ਇਹ ਭਰੋਸਾ ਹੋ ਗਿਆ ਕਿ ਗੁਲਾਮਾਂ ਵਾਸਤੇ ਸੰਸਾਰ ਦੇ ਕਿਸੇ ਕੋਨੇ ਵਿਚ ਵੀ ਥਾਂ ਨਹੀਂ ਹੈ ਅਤੇ ਜਦੋਂ ਤੱਕ ਭਾਰਤ ਦੀਆਂ ਗ਼ੁਲਾਮੀ ਦੀਆਂ ਬੇੜੀਆਂ ਕੱਟੀਆਂ ਨਹੀਂ ਜਾਂਦੀਆਂ ਸਾਨੂੰ ਇਸੇ ਤਰ੍ਹਾਂ ਕਦਮ ਕਦਮ ਤੇ ਵੱਡੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪਏਗਾ।

ਪ੍ਰਸੰਗਵਸ ਇਸੇ ਦੌਰਾਨ ਅਮਰੀਕਾ ਤੋਂ 'ਗ਼ਦਰ' ਅਖਬਾਰ ਨਿਕਲਣਾ ਸ਼ੁਰੂ ਹੋ ਗਿਆ। ਉਸ ਵੇਲੇ ਭਾਗ ਸਿੰਘ ਜੀ ਨੇ ਦਿਲ ਖੋਲ੍ਹਕੇ ਰੁਪਏ-ਪੈਸੇ ਨਾਲ ਇਸ ਅਖਬਾਰ ਦੀ ਮਦਦ ਕੀਤੀ। ਐਨਾ ਹੀ ਨਹੀਂ, ਬਲਕਿ 'ਗ਼ਦਰ' ਅਖਬਾਰ ਅਤੇ ਉਸ ਦੀ ਵਿਚਾਰਧਾਰਾ ਦਾ ਪ੍ਰਚਾਰ ਪਹਿਲਾਂ ਬਹੁਤਾ ਕਰਕੇ ਕੈਨੇਡਾ ਵਿਚ ਹੀ ਹੋਇਆ ਸੀ।

ਅਜੇ ਇਮੀਗ੍ਰੇਸ਼ਨ ਵਾਲਿਆਂ ਨਾਲ ਝਗੜਾ ਚੱਲ ਹੀ ਰਿਹਾ ਸੀ ਕਿ ਕਾਮਾਗਾਟਾ ਮਾਰੂ ਜਹਾਜ਼ ਕੈਨੇਡਾ ਆ ਪਹੁੰਚਿਆ। ਇਨ੍ਹਾਂ ਜਹਾਜ਼ ਵਾਲਿਆਂ ਤੇ ਕੀ-ਕੀ ਜ਼ੁਲਮ ਹੋਏ, ਕਿਨ੍ਹਾਂ ਕਿਨ੍ਹਾਂ ਮੁਸੀਬਤਾਂ ਦਾ ਸਾਹਮਣਾਂ ਉਨ੍ਹਾਂ ਲੋਕਾਂ ਨੂੰ ਕਰਨਾ ਪਿਆ ਅਤੇ ਉਨ੍ਹਾਂ ਸੂਰਮਿਆਂ ਨੂੰ ਸਤਾਉਣ ਵਾਸਤੇ ਕੀ-ਕੀ ਹੱਥਕੰਡੇ ਵਰਤੇ ਗਏ ਇਸ ਸਭ ਕਾਸ ਦਾ ਵਿਸਥਾਰ ਤਾਂ ਇੱਥੇ ਨਹੀਂ ਦਿੱਤਾ ਜਾ ਸਕਦਾ, ਪਰ ਜਿੱਥੋਂ ਤੱਕ ਸਾਡੇ ਨਾਇਕ ਦਾ ਇਸ ਨਾਲ ਸੰਬੰਧ ਹੈ, ਉਸ ਦਾ ਜ਼ਿਕਰ ਐਥੇ ਕਰਨਾ ਬਣਦਾ ਹੈ। ਇਮੀਗ੍ਰੇਸ਼ਨ ਵਿਭਾਗ ਵਾਲਿਆਂ ਨੇ ਜਦ ਇਸ ਜਹਾਜ਼ ਨੂੰ ਕਿਤੇ ਵੀ ਠਹਿਰਨ ਦੀ ਇਜਾਜ਼ਤ ਨਹੀਂ ਦਿੱਤੀ ਤਾਂ ਭਾਈ ਭਾਗ ਸਿੰਘ ਜੀ ਦੀ ਮਦਦ ਨਾਲ ਇਕ ਨਵਾਂ ਘਾਟ ਖਰੀਦਿਆ ਗਿਆ ਅਤੇ ਉੱਥੇ ਹੀ ਇਸ ਜਹਾਜ਼ ਨੂੰ ਠਹਿਰਾਇਆ ਗਿਆ। ਇਸੇ ਦੌਰਾਨ ਇਕ ਹੋਰ ਚਾਲ ਚੱਲੀ ਗਈ। ਜਹਾਜ਼ ਦੇ ਮਾਲਕ ਨੂੰ ਆਪਣੇ ਨਾਲ ਰਲਾਕੇ ਇਸ ਗੱਲ ਤੇ ਰਾਜ਼ੀ ਕਰ ਲਿਆ ਗਿਆ ਕਿ ਉਹ ਜਹਾਜ਼ ਦਾ ਕਿਰਾਇਆ ਕਿਸ਼ਤਾਂ ਵਿਚ ਨਾ ਲੈ ਕੇ ਇਕ ਵਾਰੀ ਹੀ ਪੇਸ਼ਗੀ ਮੰਗੇ। ਜਹਾਜ਼ ਵਾਲੇ ਬੜੀ ਮੁਸੀਬਤ ਵਿਚ ਫਸ ਗਏ। ਉਨ੍ਹਾਂ ਪਾਸ ਐਨਾ ਰੁਪਿਆ ਤਾਂ ਹੈ ਨਹੀਂ ਸੀ। ਅਜੇ ਉਨ੍ਹਾਂ ਦਾ ਕੋਈ ਸਮਾਨ ਵੀ ਨਹੀਂ ਵਿਕ ਪਾਇਆ ਸੀ, ਇਸ ਲਈ ਕਰਨ ਤਾਂ ਕੀ ਕਰਨ? ਪਰ ਭਾਗ ਸਿੰਘ ਜੀ ਅਤੇ ਉਨ੍ਹਾਂ ਦੇ ਮਿੱਤਰਾਂ ਨੇ ਮਿਲ ਕੇ ਕਿਸ਼ਤ ਦਾ ਪੈਸਾ ਅਦਾ ਕੀਤਾ ਅਤੇ ਜਹਾਜ਼ ਦਾ ਚਾਰਟਰ ਆਪਣੇ ਨਾਂ ਲਿਖਵਾ ਲਿਆ।

ਇਹ ਸਾਰਾ ਪ੍ਰਬੰਧ ਕਰ ਚੁੱਕਣ ਤੋਂ ਬਾਅਦ ਸਾਊਥ ਬ੍ਰਿਟਿਸ਼ ਕੋਲੰਬੀਆ ਵਿਚ ਆਪਣੇ ਕੁਝ ਸਾਥੀਆਂ ਨਾਲ ਇਸੇ ਬਾਰੇ ਸਲਾਹ ਕਰਨ ਗਏ ਸੀ ਕਿ ਉੱਥੇ ਹੀ ਹਰਨਾਮ ਸਿੰਘ ਅਤੇ ਬਲਵੰਤ ਸਿੰਘ ਜੀ ਨਾਲ ਆਪ ਨੂੰ ਫੜ ਲਿਆ ਗਿਆ। ਉਸ ਵੇਲੇ ਜਹਾਜ਼ ਵਾਪਸ ਜਾਣ ਵਾਸਤੇ ਤਿਆਰ ਸੀ। ਬਹੁਤ ਸਾਰੇ ਲੋਕਾਂ ਕੋਲ ਖਾਣ-ਪੀਣ ਵਾਸਤੇ ਵੀ ਕੁੱਝ ਨਹੀਂ ਰਹਿ ਗਿਆ ਸੀ, ਇਸ ਲਈ ਆਪ ਨੇ ਆਉਂਦੇ ਹੀ ਉਨ੍ਹਾਂ ਲੋਕਾਂ ਦੀ ਸਹਾਇਤਾ ਆਦਿ ਦਾ ਪੂਰਾ ਪ੍ਰਬੰਧ ਕਰ ਦਿੱਤਾ।

ਜਹਾਜ਼ ਦੀ ਮਦਦ ਕਰਨ ਅਤੇ ਆਜ਼ਾਦੀ ਦਾ ਪ੍ਰਚਾਰਕ ਹੋਣ ਕਰਕੇ ਆਪ ਇਮੀਗ੍ਰੇਸ਼ਨ ਵਾਲਿਆਂ ਦੀਆਂ ਅੱਖਾਂ ਵਿਚ ਬੁਰੀ ਤਰ੍ਹਾਂ ਰੜਕਣ ਲੱਗੇ। ਗੁੱਸੇ ਵਿਚ ਆ ਕੇ ਕਈ ਵਾਰੀ ਉਨ੍ਹਾਂ ਲੋਕਾਂ ਨੇ ਕਹਿ ਵੀ ਛੱਡਿਆ ਕਿ ਇਸ ਨੂੰ ਗੋਲੀ ਨਾਲ ਮਰਵਾ ਕੇ ਹੀ ਛੱਡਾਂਗੇ। ਉਸ ਵੇਲੇ ਆਪਨੇ ਇਸ ਗੱਲ ਨੂੰ ਹੱਸ ਕੇ ਟਾਲ ਦਿੱਤਾ ਸੀ। ਹੋਰ ਲੋਕਾਂ ਨੇ ਵੀ ਇਸ ਤੇ ਵਿਸ਼ੇਸ਼ ਧਿਆਨ ਨਾ ਦਿੱਤਾ। ਉਨ੍ਹਾਂ ਨੇ ਸੋਚਿਆ, ਇਹ ਸਾਰੀਆਂ ਕਹਿਣ ਦੀਆਂ ਗੱਲਾਂ ਹਨ, ਅਜਿਹਾ ਕਰਨ ਵਾਸਤੇ ਕਿਸੇ ਖਾਸ ਬੰਦੇ ਦੀ ਲੋੜ ਸੀ।

ਇਕ ਦਿਨ ਦੀ ਗੱਲ ਹੈ ਕਿ ਆਪ ਕਿਸੇ ਸਿੱਖ ਦਾ ਅੰਤਮ ਸੰਸਕਾਰ ਕਰਾ ਕੇ ਆਏ ਤਾਂ ਗੁਰਦੁਆਰੇ ਵਿਚ ਦੀਵਾਨ ਸ਼ੁਰੂ ਹੋਇਆ ਅਤੇ ਆਪ ਗੁਰੂ ਗ੍ਰਥ ਸਾਹਿਬ ਦਾ ਪਾਠ ਕਰਨ ਬੈਠ ਗਏ। ਸਾਰਾ ਕੰਮ ਸ਼ਾਂਤੀਪੂਰਨ ਖ਼ਤਮ ਹੋ ਗਿਆ ਅਤੇ ਜਦੋਂ ਆਪ ਅਰਦਾਸ ਤੋਂ ਬਾਅਦ ਮੱਥਾ ਟੇਕਣ ਲਈ ਝੁਕੇ ਤਾਂ ਪਿੱਛੇ ਬੈਠੇ ਬੇਲਾ ਸਿੰਘ ਨੇ ਗੋਲੀ ਚਲਾ ਦਿੱਤੀ। ਗੋਲੀ ਪਿੱਠ ਨੂੰ ਪਾਰ ਕਰਦੀ ਹੋਈ ਫੇਫੜਿਆਂ ਵਿਚ ਜਾ ਫਸੀ। ਕਾਤਲ ਨੂੰ ਫੜਨ ਦੀ ਕੋਸ਼ਿਸ਼ ਵਿਚ ਭਾਈ ਵਤਨ ਸਿੰਘ ਵੀ ਮਾਰੇ ਗਏ।

ਭਾਗ ਸਿਘ ਜੀ ਨੂੰ ਹਸਪਤਾਲ ਲਿਆਂਦਾ ਗਿਆ। ਆਪਰੇਸ਼ਨ ਹੋਣ ਤੇ ਆਪ ਪੂਰੇ ਹੋਸ਼ ਵਿਚ ਰਹੇ ਅਤੇ ਬਰਾਬਰ ਲੋਕਾਂ ਨੂੰ ਉਤਸ਼ਾਹ ਦਿੰਦੇ ਰਹੇ। ਜਿਸ ਵੇਲੇ ਆਪਦਾ ਲੜਕਾ ਆਪਦੇ ਸਾਹਮਣੇ ਲਿਆਂਦਾ ਗਿਆ ਤਾਂ ਆਪ ਨੇ ਕਿਹਾ, 'ਇਹ ਲੜਕਾ ਮੇਰਾ ਨਹੀਂ, ਸੰਗਤਾਂ ਦਾ ਹੈ, ਕੌਮ ਦਾ ਹੈ, ਇਸ ਨੂੰ ਸੰਗਤ ਵਿਚ ਲੈ ਜਾਉ। ਮੇਰੇ ਕੋਲ ਕਿਉਂ ਲਿਆਏ ਹੋ?' ਉਸ ਵੇਲੇ ਕਿੰਨੇ ਹੀ ਲੋਕ ਆਪਦੇ ਦਰਸ਼ਨਾਂ ਲਈ ਹਸਪਤਾਲ ਵਿਚ ਮੌਜੂਦ ਸਨ। ਅੰਤ ਵਿਚ ਇਹ ਕਹਿੰਦੇ ਹੋਏ ਕਿ, 'ਮੇਰੀ ਤਾਂ ਇੱਛਾ ਸੀ ਕਿ ਆਜ਼ਾਦੀ ਦੀ ਜੰਗ ਵਿਚ ਆਹਮੋ-ਸਾਹਮਣੇ ਦੋ-ਚਾਰ ਹੱਥ ਕਰਕੇ ਜਾਨ ਦਿੰਦਾ, ਪਰ ਕਿਸਮਤ ਵਿਚ ਤਾਂ ਬਿਸਤਰੇ ਤੇ ਪਏ-ਪਏ ਮਰਨਾ ਹੀ ਲਿਖਿਆ ਸੀ। ਖ਼ੈਰ, ਵਹਿਗੁਰੂ ਦੀ ਇਹੀ ਇੱਛਾ ਸੀ।' ਅਤੇ ਆਪਣੀ ਦੁਨੀਆਵੀ ਯਾਤਰਾ ਪੂਰੀ ਕਰ ਗਏ। ਮ੍ਰਿਤੂ ਵੇਲੇ ਆਪ ਦੀ ਉਮਰ 42 ਸਾਲ ਦੀ ਸੀ।

ਅੰਤ ਵਿਚ ਕਾਤਲ ਨੂੰ ਅਦਾਲਤ ਨੇ ਇਹ ਕਹਿਣ ਤੇ ਬਰੀ ਕਰ ਦਿੱਤਾ ਸੀ ਕਿ, 'ਮੈਂ ਤਾਂ ਸਾਰਾ ਕੁਝ ਇਮੀਗ੍ਰੇਸ਼ਨ ਵਿਭਾਗ ਦੇ ਮੁਖੀਆ ਦੇ ਕਹਿਣ ਤੇ ਹੀ ਕੀਤਾ ਸੀ। ਮੈਂ ਸਰਕਾਰ ਦਾ ਇਕ ਵਫ਼ਾਦਾਰ ਨੌਕਰ ਹਾਂ ਅਤੇ ਇਸ ਵੇਲੇ ਜੇ ਮੈਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ ਹੁੰਦਾ ਤਾਂ ਮੈਂ ਲੜਾਈ ਤੇ ਜਾ ਕੇ ਆਪਣੀ ਵਫ਼ਾਦਾਰੀ ਵਿਖਾਉਂਦਾ ਆਦਿ।'

ਹਾਏ ਰੇ ਗੁਲਾਮੀ!

— *ਨਟਵਰ*

ਸੰਪਾਦਕ: ਮਲਵਿੰਦਰ ਜੀਤ ਸਿੰਘ ਵੜੈਚ
ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109
ਫੋਨ: 0172-2556314
ਈਮੇਲ: mjswaraich29@gmail.com

---